# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221


Azadi Ka Amrit Mahotsav

ਵੱਲ

(ਨੋਟਿਸ ਬੋਰਡ , ਈ-ਮੇਲ ਅਤੇ ਵੈੱਬਸਾਈਟ ਰਾਹੀਂ)

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੱ/ਐਸਿੱ),
ਪੰਜਾਬ।

ਮੀਮੋ ਨੰ: SCERT-SDP01/131/2023-SDP-SCERT/577804/01 /721-725

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ, 20-09-2023

**ਵਿਸ਼ਾ- Meri Maati Mera Desh (MMMD), the final program of Azadi Ka Amrit Mahotsav (AKAM) ਸੰਬੰਧੀ।**

ਹਵਾਲਾ: Secretary, Government of India, Department of School Education and Literacy (DSE&L), Ministry of Education (MOE) ਵੱਲੋਂ ਪ੍ਰਾਪਤ ਪੱਤਰ D.O.No.02-02/2023- IS.14-Part (4) Dated: 13th September,2023 ਦੇ ਸੰਬੰਧ ਵਿੱਚ ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਅਨੁਸਾਰ Meri Maati Mera Desh (MMMD) ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦਾ ਅੰਤਿਮ ਪ੍ਰੋਗਰਾਮ ਹੈ। ਇਸ ਪ੍ਰੋਗਰਾਮ ਦਾ ਮੰਤਵ ਉਹਨਾਂ ਸਾਰੇ ਮਹਾਨ ਯੋਧਿਆਂ, ਸੂਰਬੀਰਾਂ ਨੂੰ ਯਾਦ ਕਰਨਾ, ਸ਼ਰਧਾਂਜਲੀ ਦੇਣਾ ਹੈ ਜਿਨ੍ਹਾਂ ਨੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ ਹਨ।

2.0 MMMD ਦੇ ਪਹਿਲੇ ਪੜਾਅ ਵਿੱਚ ਪੇਂਡੂ ਅਤੇ ਸ਼ਹਿਰੀ ਭਾਰਤ ਵਿੱਚ ਸਥਾਨਕ ਬਹਾਦਰਾਂ ਯੋਧਿਆਂ, ਸੂਰਬੀਰਾਂ ਦੇ ਨਾਵਾਂ ਵਾਲੀਆਂ ਯਾਦਗਾਰੀ ਤਖ਼ਤੀਆਂ ਦਾ ਨਿਰਮਾਣ, ਬਹਾਦਰਾਂ ਯੋਧਿਆਂ, ਸੂਰਬੀਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ, ਬੂਟੇ ਲਗਾਉਣਾ, Panch Pran pledges ਦਾ ਆਯੋਜਨ ਕਰਨਾ, ਆਯੋਜਿਤ ਸਮਾਗਮਾਂ ਵਿੱਚ ਰਾਸ਼ਟਰਗਾਨ ਦਾ ਗਾਇਨ ਅਤੇ ਰਾਸ਼ਟਰੀ ਝੰਡਾ ਲਹਿਰਾਉਣਾ ਆਦਿ ਵੱਖ- ਵੱਖ ਸਮਾਗਮ ਕਰਵਾਏ ਗਏ।

3.0 MMMD ਦੇ ਦੂਜੇ ਪੜਾਅ ਵਿੱਚ, ਭਾਰਤ ਦੇ ਹਰੇਕ ਘਰ ਤੋਂ ਮਿੱਟੀ ਇਕੱਠੀ ਕਰਕੇ ਦਿੱਲੀ ਵਿੱਚ ਇੱਕ ਅੰਮ੍ਰਿਤ ਵਾਟਿਕਾ ਦੀ ਸਿਰਜਣਾ ਕੀਤੀ ਜਾ ਰਹੀ ਹੈ, ਜਿੱਥੇ ਮਿੱਟੀ ਉਪਲਬਧ ਨਹੀਂ ਹੈ,ਉੱਥੋਂ

Scanned with OKEN Scanner

ਲੋਕ ਚੌਲਾਂ ਦਾ ਇੱਕ ਦਾਣਾ ਯੋਗਦਾਨ ਪਾ ਸਕਦੇ ਹਨ। AKAM ਮੈਮੋਰੀਅਲ ਦੇ ਨਾਲ ਅੰਮ੍ਰਿਤ ਵਾਟਿਕਾ ਅਜ਼ਾਦੀ ਕਾ ਅੰਮ੍ਰਿਤ ਮਹੋਤਸਵ ਦੀ ਸਮੁੱਚੀ ਯਾਦਗਾਰ ਅਤੇ ਸਾਡੇ ਵੀਰਾਂ ਦੀ ਬਹਾਦਰੀ ਅਤੇ ਕੁਰਬਾਨੀ ਦੇ ਜਜ਼ਬੇ ਦੀ ਸਥਾਈ ਵਿਰਾਸਤ ਅਤੇ ਸਥਾਈ ਯਾਦ ਹੋਵੇਗੀ। ਪ੍ਰੋਗਰਾਮ ਦੇ ਇਸ ਪੜਾਅ ਲਈ ਸਮੁੱਚੀ ਸਮਾਂ- ਸੀਮਾਵਾਂ ਇਸ ਪ੍ਰਕਾਰ ਹਨ:

| Starting Date | Ending Date | Activites |
|---|---|---|
| 1st September | 30th September | Mitti collection at local level: villages and wards |
| 1st October | 13th October | Programmes at Blocks, Municipal Coorporation, Municipalities, City Councils etc. Mitti from the villages/wards is brought here to be mixed. |
| 22nd October | 27th October | Movement of Kalash from blocks & urban local bodies to the State Capital. Ceremonial send off programmes. |
| 28th October | 1st November | Programme in Delhi |

4.0 ਜ਼ਿਲ੍ਹਾ ਕੁਲੈਕਟਰਾਂ/ ਜ਼ਿਲ੍ਹਾ ਮੈਜਿਸਟਰੇਟਾਂ/ ਡਿਪਟੀ ਕਮਿਸ਼ਨਰਾਂ ਦੁਆਰਾ ਅੰਮ੍ਰਿਤ ਕਲਸ਼ ਯਾਤਰਾਵਾਂ ਨਾਲ ਸਬੰਧਤ ਸਮੁੱਚੀ ਯੋਜਨਾ ਜਿਸ ਵਿੱਚ ਮਿਤੀਆਂ, ਰੂਟਾਂ, ਲੋਜਿਸਟਿਕਲ ਲੋੜਾਂ, ਕਲਸ਼ ਦਾ ਨਿਰਮਾਣ ਅਤੇ ਖਰੀਦ ਆਦਿ ਪੰਚਾਇਤੀ ਰਾਜ ਸੰਸਥਾਵਾਂ ਅਤੇ ਹੋਰ ਸਬੰਧਤ ਹਿੱਸੇਦਾਰਾਂ ਨਾਲ ਤਾਲਮੇਲ ਕਰਕੇ ਬਲਾਕ/ ਸ਼ਹਿਰੀ ਲੋਕਲ ਬਾਡੀ ਪੱਧਰਾਂ 'ਤੇ ਸਮਾਗਮ ਕੀਤੇ ਜਾ ਰਹੇ ਹੈ।

5.0 ਇਸ ਮੁਹਿੰਮ ਦੇ ਤਹਿਤ ਰਾਜਾਂ ਨੂੰ ਸਮਰਥਨ ਦੇਣ ਲਈ ਕੇਂਦਰ ਸਰਕਾਰ ਦੇ ਚੁਣੇ ਹੋਏ ਮੰਤਰਾਲਿਆਂ/ ਵਿਭਾਗਾਂ ਨੂੰ ਉਨ੍ਹਾਂ ਦੀਆਂ ਵੱਖ- ਵੱਖ ਸੰਸਥਾਵਾਂ ਦੁਆਰਾ ਦੇਸ਼ ਦੇ ਸਾਰੇ ਜ਼ਿਲ੍ਹਿਆਂ ਵਿੱਚ ਮੈਪ ਕੀਤਾ ਗਿਆ ਹੈ, ਜੋ ਕਿ ਨਿਮਨ ਦਰਸਾਏ ਲਿੰਕ 'ਤੇ ਉਪਲੱਬਧ ਹਨ :

https:// drive.google.com/ drive/ folders/ 1alA.InagKidfT8KEeN2OhDqVIMCxmOTa5

Scanned with OKEN Scanner

6.0 ਭਾਰਤ ਸਰਕਾਰ ਵੱਲੋਂ ਸਕੂਲਾਂ ਨੂੰ ਰਾਜ ਦੇ ਨੁਮਾਇੰਦਿਆਂ ਅਤੇ ਕੇਂਦਰ ਸਰਕਾਰ ਦੇ ਮੰਤਰਾਲਿਆਂ/ ਵਿਭਾਗਾਂ ਦੀਆਂ ਫੀਲਡ ਪੱਧਰੀ ਇਕਾਈਆਂ ਦੇ ਨਾਲ ਕੰਮ ਕਰਨ ਤਾਂ ਜੋ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਸਫਲਤਾਪੂਰਵਕ ਲਾਗੂ ਕੀਤਾ ਜਾ ਸਕੇ।

https:// drive.google.com/ drive/ folders/ 1alA.InagKidfT8KEeN2OhDqVIMCxm0Ta5

7.0 ਭਾਰਤ ਸਰਕਾਰ ਵੱਲੋਂ ਅੰਮ੍ਰਿਤ ਕਲਸ਼ ਯਾਤਰਾਵਾਂ ਨੂੰ ਲਾਗੂ ਕਰਨ ਲਈ ਹੇਠਾਂ ਦਿੱਤੀ ਸਮਾਂ-ਸਾਰਣੀ ਅਨੁਸਾਰ ਗਤੀਵਿਧੀਆਂ ਕਰਨ ਲਈ ਲਿਖਿਆ ਗਿਆ ਹੈ:

A. **1 ਤੋਂ 30 ਸਤੰਬਰ 2023:** - ਸਕੂਲ ਪੱਧਰ 'ਤੇ, 1 ਤੋਂ 30 ਸਤੰਬਰ 2023 ਦੇ ਦੌਰਾਨ ਕਿਸੇ ਦਿਨ ਹੇਠ ਲਿਖੀਆਂ ਗਤੀਵਿਧੀਆਂ ਕੀਤੀਆਂ ਜਾਣ:

i. ਸਾਰੇ ਸਰਕਾਰੀ/ ਸਹਾਇਤਾ ਪ੍ਰਾਪਤ/ਪ੍ਰਾਈਵੇਟ/KVs/NVs ਸਕੂਲਾਂ ਦੁਆਰਾ ਉਨ੍ਹਾਂ ਦੇ ਪਿੰਡਾਂ ਵਿੱਚ ਪ੍ਰਭਾਤ ਫੇਰੀਆਂ ਦਾ ਆਯੋਜਨ ਕੀਤਾ ਜਾਵੇਗਾ।ਇਹਨਾਂ ਪ੍ਰਭਾਤ ਫੇਰੀਆਂ ਦੌਰਾਨ:

a. ਰਾਸ਼ਟਰੀ ਝੰਡੇ, ਸਥਾਨਕ ਵੀਰਾਂ ਦੀਆਂ ਤਸਵੀਰਾਂ, Panch Pran pledges ਦੇ ਚਾਰਟ ਅਤੇ ਪ੍ਰਿੰਟਆਊਟ, ਸਥਾਨਕ shilaphalakam ਦੀਆਂ ਤਸਵੀਰਾਂ ਵਿਦਿਆਰਥੀਆਂ ਦੇ ਹੱਥਾਂ ਵਿੱਚ ਹੋਣ। ਰਾਸ਼ਟਰੀ ਝੰਡੇ ਸਥਾਨਕ ਡਾਕਘਰਾਂ ਤੋਂ ਖਰੀਦੇ ਜਾ ਸਕਦੇ ਹਨ।

b. ਪ੍ਰਭਾਤ ਫੇਰੀਆਂ ਦੌਰਾਨ, ਭਾਗੀਦਾਰਾਂ ਵੱਲੋਂ ਢੋਲ, ਨਗਾੜੇ ਅਤੇ ਹੋਰ ਸੰਗੀਤਕ ਸਾਜ਼ ਵਜਾਏ ਜਾਣ ਅਤੇ ਤਿਉਹਾਰ ਦਾ ਮਾਹੌਲ ਬਣਾਇਆ ਜਾਵੇ।

c. ਪ੍ਰਭਾਤ ਫੇਰੀ ਦੌਰਾਨ ਦੇਸ਼ ਭਗਤੀ ਦੇ ਗਾਏ ਜਾਣ ਵਾਲੇ ਅਤੇ ਦਿੱਤੇ ਲਿੰਕ ਤੋਂ ਮਿੱਟੀ ਗੀਤ ਡਾਊਨਲੋਡ ਕਰਕੇ ਗੀਤ ਸੁਣਿਆ ਅਤੇ ਗਾਇਆ ਜਾ ਸਕਦਾ ਹੈ: https:// www.youtube.com/ watch?v=lltUvt032QQ

d. ਵਿਦਿਆਰਥੀ ਪ੍ਰਭਾਤ ਫੇਰੀਆਂ ਦੌਰਾਨ ਰਾਸ਼ਟਰੀ ਅਤੇ ਸਥਾਨਕ ਬਹਾਦਰਾਂ ਯੋਧਿਆਂ, ਸੂਰਬੀਰਾਂ ਦੇ ਆਜ਼ਾਦੀ ਦੀ ਪ੍ਰਾਪਤੀ ਲਈ ਯੋਗਦਾਨ ਅਤੇ ਕੁਰਬਾਨੀ ਬਾਰੇ ਵੀ ਜਾਣਕਾਰੀ ਪ੍ਰਸਾਰਿਤ ਕਰ ਸਕਦੇ ਹਨ।

e. ਪ੍ਰਭਾਤ ਫੇਰੀਆਂ ਆਪਣੇ ਸਕੂਲ ਵਿੱਚ ਵਾਪਸ ਆ ਸਕਦੀਆਂ ਹਨ ਜਾਂ ਇੱਕ ਨੋਡਲ ਸਕੂਲ ਵਿੱਚ ਇਕੱਠੀਆਂ ਹੋ ਸਕਦੀਆਂ ਹਨ ਜਿਸ ਵਿੱਚ ਮਾਤਾ- ਪਿਤਾ ਅਤੇ ਹੋਰ ਮੈਂਬਰਾਂ ਨੂੰ ਵੀ ਹਿੱਸਾ ਲੈਣ ਲਈ

Scanned with OKEN Scanner

ਅਤੇ ਬਹਾਦਰਾਂ ਯੋਧਿਆਂ, ਸੂਰਬੀਰਾਂ ਦੇ ਆਜ਼ਾਦੀ ਦੀ ਪ੍ਰਾਪਤੀ ਲਈ ਯੋਗਦਾਨ ਅਤੇ ਕੁਰਬਾਨੀ ਬਾਰੇ ਚਰਚਾ ਕਰਦੇ ਹੋਏ "ਵੀਰਾਂ " ਨੂੰ ਵਧਾਈ ਦਿੱਤੀ ਜਾਵੇ।

ii. ਦੇਸ਼ ਭਗਤੀ ਦੇ ਵਿਸ਼ਿਆਂ ਅਤੇ ਸਥਾਨਕ ਵੀਰਾਂ ਨੂੰ ਸਮਰਪਿਤ ਕਰਦੇ ਹੋਏ ਲੇਖ ਲਿਖਣ, ਕਲਾ ਅਤੇ ਰੰਗੋਲੀ ਮੇਕਿੰਗ, ਦੇਸ਼ ਭਗਤੀ ਦੇ ਗੀਤ ਗਾਇਨ, ਸਕਿੱਟ, ਸਟੋਰੀ ਟੇਲਿੰਗ ਆਦਿ ਮੁਕਾਬਲੇ ਕਰਵਾਏ ਜਾਣ।

iii. ਇਸ ਮੁਹਿੰਮ ਤਹਿਤ ਸਕੂਲਾਂ ਦੁਆਰਾ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਸੰਬੰਧੀ ਸਕੂਲ ਪ੍ਰਿੰਸੀਪਲਾਂ ਵੱਲੋਂ ਗਰੁੱਪਾਂ ਵਿੱਚ ਮੈਸੇਜ ਪਾਏ ਜਾਣ।

iv. ਇਸ ਮੁਹਿੰਮ ਤਹਿਤ ਸਕੂਲ ਦੇ ਪ੍ਰਿੰਸੀਪਲਾਂ ਦੁਆਰਾ ਗਤੀਵਿਧੀਆਂ ਕਰ ਰਹੇ ਵਿਦਿਆਰਥੀਆਂ ਨੂੰ ਕਵਰ ਕਰਨ ਲਈ ਸਥਾਨਕ ਅਤੇ ਖੇਤਰੀ ਮੀਡੀਆ ਨੂੰ ਸੱਦਾ ਦਿੱਤਾ ਜਾਵੇ।

v. ਵਿਦਿਆਰਥੀਆਂ ਦੁਆਰਾ ਸਕੂਲ ਮੈਗਜ਼ੀਨਾਂ ਵਿੱਚ Meri Maati Mera Desh (MMMD) 'ਤੇ ਵਿਸ਼ੇਸ਼ ਵਿਸ਼ੇਸ਼ਤਾਵਾਂ ਲਿਖੀਆਂ ਜਾਣ।

vi. ਇਸ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਥਾਨਕ ਜ਼ਿਲ੍ਹਾ ਕੁਲੈਕਟਰ/ਜ਼ਿਲ੍ਹਾ ਮੈਜਿਸਟ੍ਰੇਟ/ਪੰਚਾਇਤ ਮੈਂਬਰ / ਜਾਂ ਹੋਰ ਸਰਕਾਰੀ ਅਧਿਕਾਰੀ ਦਾ ਭਾਸਣ ਦੇਣ ਲਈ ਬੁਲਾਇਆ ਜਾਵੇ ਅਤੇ ਭਾਸ਼ਣ ਤੋਂ ਬਾਅਦ ਵਿਦਿਆਰਥੀਆਂ ਨੂੰ ਪ੍ਰਸ਼ਨ ਉੱਤਰ ਸੈਸ਼ਨ ਆਯੋਜਿਤ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।

vii. ਵਿਦਿਆਰਥੀਆਂ ਨੂੰ ਸਥਾਨਕ ਅਤੇ ਤੁਹਾਡੇ ਇਲਾਕੇ ਵਿੱਚ ਚੱਲ ਰਹੀਆਂ ਮੌਜੂਦਾ ਅੰਮ੍ਰਿਤ ਕਲਸ਼ ਯਾਤਰਾਵਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਵੇ।

viii. ਸਕੂਲ ਅਸੈਂਬਲੀ ਦੌਰਾਨ, ਵਿਦਿਆਰਥੀ, ਭਾਈਚਾਰੇ ਦੇ ਮੈਂਬਰ ਅਤੇ ਸਾਰੇ ਭਾਗੀਦਾਰ ਦੇਸ਼ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਹੇਠ ਦਰਸਾਈ Panch Pran pledges ਲਈ ਜਾਵੇ :

We Pledge to:

- Make India devoloped and self-reliant by 2047.
- Remove any trace of colonial mindset.
- Celebrate our heritage.

Scanned with OKEN Scanner

- Strengthen unity and respect those who protect the country.
- Perform the duties of a citizen.

ਅਤੇ Panch Pran pledges ਲੈਂਦੇ ਹੋਏ ਸੈਲਫੀ ਲਈ ਜਾਵੇ ਅਤੇ ਫੋਟੋਆਂ yuva.gov.in 'ਤੇ ਅਪਲੋਡ ਕੀਤੀਆਂ ਜਾਣ। ਜੇਕਰ ਸਕੂਲ ਸਮੇਂ ਦੌਰਾਨ ਵਿਦਿਆਰਥੀਆਂ ਕੋਲ ਫੋਨ ਨਹੀਂ ਹਨ, ਤਾਂ ਉਹ ਘਰ ਜਾ ਕੇ ਸੈਲਫੀ ਅਪਲੋਡ ਕਰ ਸਕਦੇ ਹਨ।

ix. Shilaphalakam: ਉਨ੍ਹਾਂ ਬਹਾਦਰ ਵੀਰਾਂ ਜਿਨ੍ਹਾਂ ਨੇ ਸਰਵਉੱਚ ਬਲੀਦਾਨ ਦਿੱਤਾ ਹੈ, ਦਾ ਤਹਿ ਦਿਲੋਂ ਧੰਨਵਾਦ ਕਰਨਾ ਸ਼ਿਲਾਫਲਕਮ (ਯਾਦਗਾਰੀ ਚਿੰਨ੍ਹ) ਕਹਿਲਾਉਂਦਾ ਹੈ। ਸ਼ਿਲਾਫਲਕਮਾਂ ਨੂੰ ਹੇਠ ਲਿਖੇ ਤਰੀਕੇ ਨਾਲ ਸਕੂਲ ਦੇ ਪ੍ਰੋਗਰਾਮਾਂ ਦਾ ਹਿੱਸਾ ਬਣਾਇਆ ਜਾ ਸਕਦਾ ਹੈ:

a. ਜਿਨ੍ਹਾਂ ਵੀਰਾਂ ਦੇ ਨਾਮ ਸਥਾਨਕ ਸ਼ਿਲਾਫਲਕਮਾਂ (ਯਾਦਗਾਰੀ ਚਿੰਨ੍ਹ) 'ਤੇ ਹਨ,ਉਨ੍ਹਾਂ ਦੇ ਪਰਿਵਾਰਾਂ ਨੂੰ ਸਕੂਲ ਵਿੱਚ ਬੁਲਾਕੇ ਸਨਮਾਨ ਲਈ ਬੁਲਾਇਆ ਕੀਤਾ ਜਾ ਸਕਦਾ ਹੈ।

b. ਵਿਦਿਆਰਥੀ ਆਪਣੇ ਪੱਧਰ ਤੇ ਉਨ੍ਹਾਂ ਵੀਰਾਂ ਨੂੰ ਆਪਣੀ ਸ਼ਰਧਾਂਜਲੀ ਅਰਪਿਤ ਕਰ ਸਕਦੇ ਹਨ ਜਿਨ੍ਹਾਂ ਦੇ ਨਾਮ ਸ਼ਿਲਾਫਲਕਮ (ਯਾਦਗਾਰੀ ਚਿੰਨ੍ਹ) 'ਤੇ ਹਨ ਅਤੇ ਕੁਝ ਵਿਦਿਆਰਥੀ ਅਤੇ ਅਧਿਆਪਕ ਜਾਂ ਪ੍ਰਿੰਸੀਪਲ ਸਥਾਨਕ ਵੀਰਾਂ ਦੇ ਪਰਿਵਾਰ ਨੂੰ ਮਿਲ ਸਕਦੇ ਹਨ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਸੌਂਪ ਸਕਦੇ ਹਨ।

c. ਵਿਦਿਆਰਥੀਆਂ ਨੂੰ ਉਨ੍ਹਾਂ ਥਾਵਾਂ 'ਤੇ ਲਿਜਾਇਆ ਜਾ ਸਕਦਾ ਹੈ ਜਿੱਥੇ ਸ਼ਿਲਾਫਲਕਮ(ਯਾਦਗਾਰੀ ਚਿੰਨ੍ਹ) ਬਣਾਇਆ ਗਿਆ ਹੈ ਅਤੇ ਵੀਰਾਂ ਦੀ ਬਹਾਦਰੀ ਅਤੇ ਹਿੰਮਤ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ।

d. ਜੇਕਰ ਤੁਹਾਡੇ ਸਕੂਲ ਵਿੱਚ ਕੋਈ ਮੌਜੂਦਾ ਸ਼ਿਲਾਫਲਕਮ (ਯਾਦਗਾਰੀ ਚਿੰਨ੍ਹ) ਹੈ, 'ਤੇ ਫੁੱਲਾਂ ਨਾਲ ਸ਼ਰਧਾਂਜਲੀ ਭੇਟ ਕੀਤੀ ਜਾ ਸਕਦੀ ਹੈ, ਸਥਾਨਕ ਵੀਰਾਂ 'ਤੇ ਤਿਆਰ ਕੀਤਾ ਗਿਆ ਸਕਿੱਟ ਜਿਨ੍ਹਾਂ ਦੇ ਨਾਮ ਯਾਦਗਾਰੀ ਚਿੰਨ੍ਹ ਦਾ ਹਿੱਸਾ ਹਨ, ਸਥਾਨਕ ਵੀਰਾਂ ਦੀ ਜਨਮ ਅਤੇ ਮੌਤ ਦੀ ਬਰਸੀ ਮਨਾਈ ਜਾ ਸਕਦੀ ਹੈ।

x. ਅਜ਼ਾਦੀ ਕਾ ਅੰਮ੍ਰਿਤ ਮਹੋਤਸਵ (AKAM) ਅਤੇ ਰਾਸ਼ਟਰੀ ਅਤੇ ਸਥਾਨਕ ਨਾਇਕਾਂ ਦੇ ਯੋਗਦਾਨ ਬਾਰੇ ਵਿਦਿਆਰਥੀਆਂ ਅਤੇ ਭਾਈਚਾਰੇ ਵਿੱਚ ਜਾਗਰੂਕਤਾ ਪੈਦਾ ਕਰਨ ਦਾ ਇਹ ਇੱਕ ਵਧੀਆ ਮੌਕਾ ਹੈ। ਇਸ ਲਈ, ਵਿਆਪਕ ਪੱਧਰ 'ਤੇ ਪ੍ਰਸਾਰ ਲਈ ਇੱਕ ਉਚਿਤ ਸੋਸ਼ਲ ਮੀਡੀਆ ਯੋਜਨਾ ਤਿਆਰ ਕੀਤੀ ਜਾਵੇ। ਪ੍ਰਭਾਤ ਫੇਰੀਆਂ, ਅਸੈਂਬਲੀ, Panch Pran pledges ਆਦਿ ਦੀਆਂ

Scanned with OKEN Scanner

ਗਤੀਵਿਧੀਆਂ/ਫੋਟੋਆਂ/ਵੀਡਿਓਜ਼ ਵੱਖ- ਵੱਖ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਪੋਰਟਲ/ ਵੈਬਸਾਈਟਾਂ, ਟਵਿੱਟਰ (X) ਹੈਂਡਲ, ਫੇਸਬੁੱਕ, ਇੰਸਟਾਗ੍ਰਾਮ ਪੇਜ਼ ਆਦਿ ਰਾਹੀਂ, MariMatiMera Desh; #AmritKalashYatra 'ਤੇ ਸਾਂਝੀਆਂ ਕੀਤੀਆਂ ਜਾਣ।

B. **ਮਿਤੀ 1-13 ਅਕਤੂਬਰ 2023** :- ਬਲਾਕ ਪੱਧਰ 'ਤੇ, ਹੇਠ ਲਿਖੀਆਂ ਗਤੀਵਿਧੀਆਂ ਕਰਵਾਈਆਂ ਜਾਣਗੀਆਂ:

i. ਜ਼ਿਲ੍ਹਾ ਕੁਲੈਕਟਰ/ ਜ਼ਿਲ੍ਹਾ ਮੈਜਿਸਟ੍ਰੇਟ ਪੰਚਾਇਤ ਰਾਜ ਸੰਸਥਾਵਾਂ (PRIS) ਅਤੇ ਹੋਰ ਸਬੰਧਤ ਹਿੱਸੇਦਾਰ ਬਲਾਕ/ਅਰਬਨ ਲੋਕਲ ਬਾਡੀ (ULB) ਪੱਧਰ 'ਤੇ ਸਮਾਗਮਾਂ ਦਾ ਤਾਲਮੇਲ ਕਰ ਰਹੇ ਹਨ।

ii. ਅਧਿਆਪਕ ਅਤੇ ਵਿਦਿਆਰਥੀ ਸੱਭਿਆਚਾਰਕ, ਦੇਸ਼ ਭਗਤੀ ਦੇ ਗਾਇਨ, ਸਟੇਜ ਸਜਾਵਟ, ਐਂਕਰਿੰਗ, ਸਰੋਤਿਆਂ ਦੇ ਪ੍ਰਬੰਧਨ ਆਦਿ ਵਿੱਚ ਸਹਿਯੋਗ ਦੇ ਕੇ ਇਹਨਾਂ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਗੇ।

iii. ਕਿਸੇ ਨੋਡਲ ਸਕੂਲ ਜਾਂ ਵੱਡੇ ਸਕੂਲ ਦੇ ਖੇਡ ਮੈਦਾਨ, ਆਡੀਟੋਰੀਅਮ, ਹਾਲ ਆਦਿ ਨੂੰ ਬਲਾਕ/ ਸ਼ਹਿਰੀ ਲੋਕਲ ਬਾਡੀ ਵਿਖੇ ਹੋਣ ਵਾਲੇ ਸਥਾਨਕ ਪ੍ਰੋਗਰਾਮ ਲਈ ਸਥਾਨ ਵਜੋਂ ਵਰਤਿਆ ਜਾ ਸਕਦਾ ਹੈ, ਜਿੱਥੋਂ ਮਿਟੀ ਦੇ ਵੱਖ- ਵੱਖ ਕਲਸ਼ਾਂ ਨੂੰ ਮਿਲਾਇਆ ਜਾਣਾ ਹੈ।

C. **22-27 ਅਕਤੂਬਰ 2023** (ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ ਰਾਜਧਾਨੀਆਂ ਵਿਖੇ ਗਤੀਵਿਧੀਆਂ):

I. ਬਲਾਕਾਂ ਅਤੇ ਸਥਾਨਕ ਸ਼ਹਿਰੀ ਸੰਸਥਾਵਾਂ ਤੋਂ ਸਾਰੇ ਕਲਸ਼ ਰਾਜ/ ਯੂਟੀ ਦੀ ਰਾਜਧਾਨੀ ਵਿੱਚ ਲਿਆਂਦੇ ਜਾਣਗੇ ਅਤੇ ਸਥਾਨਕ ਪ੍ਰਸ਼ਾਸਨ ਦੁਆਰਾ ਇੱਕ ਰਸਮੀ ਵਿਦਾਇਗੀ ਪ੍ਰੋਗਰਾਮ ਆਯੋਜਿਤ ਕੀਤੇ ਜਾਣਗੇ।

II. ਪ੍ਰੋਗਰਾਮਾਂ ਦੀ ਅਗਵਾਈ ਮਾਨਯੋਗ ਮੁੱਖ ਮੰਤਰੀ/ਰਾਜਪਾਲ/ਲੈਫਟੀਨੈਂਟ ਰਾਜਪਾਲ ਜਾਂ ਹੋਰ ਪਤਵੰਤੇ ਜਿਨ੍ਹਾਂ ਨੂੰ ਉਚਿਤ ਸਮਝਿਆ ਜਾਂਦਾ ਹੈ, ਕੀਤੇ ਜਾਣ ਦੀ ਉਮੀਦ ਹੈ।

III. ਰਾਜਾਂ/ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਸਿੱਖਿਆ ਵਿਭਾਗਾਂ ਦੁਆਰਾ ਸੱਭਿਆਚਾਰਕ ਪ੍ਰੋਗਰਾਮਾਂ, ਸਟੇਜ ਸਜਾਵਟ, ਦੇਸ਼ ਭਗਤੀ ਦੇ ਗਾਇਨ, ਸੱਦਾ ਪੱਤਰ ਅਤੇ ਪੋਸਟਰ ਡਿਜ਼ਾਈਨ, ਦਰਸ਼ਕਾਂ ਦੇ ਪ੍ਰਬੰਧਨ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਵੱਡੀ ਭਾਗੀਦਾਰੀ ਨੂੰ ਯਕੀਨੀ ਬਣਾਇਆ ਜਾਵੇ।

Scanned with OKEN Scanner

IV. ਸਕੂਲਾਂ ਵੱਲੋਂ ਦਿੱਲੀ ਵਿਖੇ ਰਾਸ਼ਟਰੀ ਪ੍ਰੋਗਰਾਮ ਵਿੱਚ ਭਾਗ ਲੈਣ ਲਈ ਰਾਜ/ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਹਰੇਕ ਬਲਾਕ/ ਸਥਾਨਕ ਸ਼ਹਿਰੀ ਸੰਸਥਾ ਤੋਂ ਲਗਭਗ 3-4 ਲੋਕਾਂ ਦੇ ਸਮੁੱਚੇ ਦਲ ਦੇ ਹਿੱਸੇ ਵਜੋਂ ਕੁਝ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਨੁਮਾਇੰਦਗੀ ਨੂੰ ਯਕੀਨੀ ਬਣਾਉਣ ਲਈ ਹਰੇਕ ਬਲਾਕ/ ਸ਼ਹਿਰੀ ਸੰਸਥਾ ਦੇ ਸਥਾਨਕ ਅਧਿਕਾਰੀਆਂ ਤੱਕ ਪਹੁੰਚ ਕੀਤੀ ਜਾਵੇ।

8.0 ਇਸ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ, ਰਾਜ/ ਯੂਟੀ ਸਿੱਖਿਆ ਵਿਭਾਗ ਵੱਲੋਂ ਸੱਭਿਆਚਾਰਕ ਮੰਤਰਾਲੇ ਅਤੇ ਯੁਵਾ ਮਾਮਲਿਆਂ ਦੇ ਵਿਭਾਗ ਵਿਖੇ ਸ੍ਰੀ ਪਰਮਜੀਤ ਸਿੰਘ, DD of NYK-SAS Nagar, Punjab, Holding Additional charge of SD-Punjab, ਫੋਨ ਨੰਬਰ: 98551-11034 ਈ-ਮੇਲ: zdpczchd@gmail.com, ਮੋਹਾਲੀ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ।

9.0 ਆਪ ਵੱਲੋਂ ਆਪਣੇ ਅਧੀਨ ਪੈਂਦੇ ਸਮੂਹ ਸਰਕਾਰੀ/ ਸਹਾਇਤਾ ਪ੍ਰਾਪਤ/ਪ੍ਰਾਈਵੇਟ/KVs/NVs ਸਕੂਲਾਂ ਨੂੰ Meri Maati Mera Desh (MMMD) ਅਧੀਨ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਵਿੱਚ ਸਾਰੇ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਵੇ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ,ਪੰਜਾਬ

ਪਿੱਠ ਅੰਕਣ ਨੰ: ਉਕਤ/02-05/722-725 ਮਿਤੀ: ਐਸ.ਏ.ਐਸ. ਨਗਰ, 20 -09-2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ।
3. ਪੀ.ਏ ਟੂ ਡੀ.ਜੀ.ਐਸ.ਈ., ਪੰਜਾਬ।
4. ਪੀ.ਏ ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੱ/ਐਸਿੱ), ਪੰਜਾਬ।

ਡਾਇਰੈਕਟਰ,
ਐਸ.ਸੀ.ਈ.ਆਰ.ਟੀ,ਪੰਜਾਬ।

Scanned with OKEN Scanner